# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

# 08:30

**ਮਿਤੀ :18-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪੱਛਮੀ ਬੰਗਾਲ ਵਿੱਚ, ਉੱਤਰੀ ਕੋਲਕਾਤਾ ਦੇ ਚੋਰ-ਬਾਗਾਨ ਦੁਰਗਾ ਪੂਜਾ ਪੰਡਾਲ ਵਿੱਚ ਕੱਲ੍ਹ ਸ਼ਾਮ ਭਗਦੜ ਮਚਣ ਕਾਰਨ 19 ਲੋਕਾਂ ਦੀ ਮੌਤ - 25 ਹੋਰ ਜ਼ਖਮੀ।

- ਕੇਂਦਰ ਸਰਕਾਰ ਨੇ ਕੈਂਸਰ ਦੇ ਮਰੀਜ਼ਾਂ ਨੂੰ ਰਾਹਤ ਦੇਣ ਲਈ 137 ਦਵਾਈਆਂ ਦੀਆਂ ਕੀਮਤਾਂ ਘਟਾਉਣ ਦਾ ਫੈਸਲਾ ਕੀਤਾ ਏ।

- ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਆਉਂਦੇ ਖੇਤ ਬਚਾਓ ਅਭਿਆਨ ਦੀਆਂ ਤਿਆਰੀਆਂ ਦੀ ਔਨਲਾਈਨ ਸਮੀਖਿਆ ਕੀਤੀ।

- FSSAI ਨੇ ਨੇਸਲੇ ਇੰਡੀਆ ਅਤੇ ਹਿੰਦੁਸਤਾਨ ਯੂਨੀਲੀਵਰ ਲਿਮਟਿਡ ਨੂੰ ਭੋਜਨ ਉਤਪਾਦਾਂ ਦੀ ਪੈਕੇਜਿੰਗ 'ਤੇ ਕਥਿਤ ਗੁੰਮਰਾਹਕੁੰਨ ਦਾਅਵਿਆਂ ਦੇ ਸੰਬੰਧ ਵਿੱਚ ਨੋਟਿਸ ਜਾਰੀ ਕੀਤੇ ਨੇ।

- ਮਰਦਾਂ ਦੇ ਕ੍ਰਿਕੇਟ ਵਿੱਚ, ਕੱਲ੍ਹ ਬੈਂਗਲੁਰੂ ਵਿੱਚ ਭਾਰਤ ਅਤੇ ਵੈਸਟਇੰਡੀਜ਼ ਵਿਚਕਾਰ ਪੰਜਵਾਂ ਅਤੇ ਆਖਰੀ twenty -20 ਮੈਚ, ਮੀਂਹ ਕਾਰਨ ਰੱਦ ।

- ਏਸ਼ੀਆਈ ਪੈਰਾ ਖੇਡਾਂ 2026 ਅੱਜ ਜਾਪਾਨ ਦੇ ਆਈਚੀ-ਨਾਗੋਯਾ ਵਿੱਚ ਸ਼ੁਰੂ ਹੋਣਗੀਆਂ. ਭਾਰਤ ਵੱਲੋਂ ਪੈਰਾ-ਬੈਡਮਿੰਟਨ ਖਿਡਾਰੀ ਪ੍ਰਮੋਦ ਭਗਤ ਅਤੇ ਦੌੜਾਕ ਸਿਮਰਨ ਸ਼ਰਮਾ, ਉਦਘਾਟਨੀ ਸਮਾਰੋਹ ਵਿੱਚ, ਭਾਰਤੀ ਦਲ ਦੀ ਅਗਵਾਈ ਕਰਨਗੇ।

***ਹੁਣ ਖਬਰਾਂ ਵਿਸਥਾਰ ਨਾਲ***

ਪੱਛਮੀ ਬੰਗਾਲ ਵਿੱਚ, ਉੱਤਰੀ ਕੋਲਕਾਤਾ ਦੇ ਚੋਰ-ਬਾਗਾਨ ਦੁਰਗਾ ਪੂਜਾ ਪੰਡਾਲ ਵਿੱਚ ਕੱਲ੍ਹ ਸ਼ਾਮ ਭਗਦੜ ਮਚਣ ਕਾਰਨ 19 ਲੋਕਾਂ ਦੀ ਮੌਤ ਹੋ ਗਈ ਅਤੇ 25 ਹੋਰ ਜ਼ਖਮੀ ਹੋ ਗਏ। ਇਹ ਘਟਨਾ ਮਹਾ-ਸਪਤਮੀ ਮਨਾਉਣ ਦੌਰਾਨ ਰਾਤ 8 ਵਜੇ ਦੇ ਕਰੀਬ ਵਾਪਰੀ। ਮੀਡੀਆ ਰਿਪੋਰਟਾਂ ਮੁਤਾਬਿਕ, ਭਾਰੀ ਮੀਂਹ ਅਤੇ ਲੋਕਾਂ ਦੀ ਅਚਾਨਕ ਭੀੜ ਕਾਰਨ ਭੀੜ

ਵਾਲੇ ਪੰਡਾਲ ਵਿੱਚ ਹਫੜਾ-ਦਫੜੀ ਮਚ ਗਈ, ਜਿਸ ਕਾਰਨ ਭਗਦੜ ਵਰਗੀ ਸਥਿਤੀ ਪੈਦਾ ਹੋ ਗਈ।

ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸੁਵੇਂਦੂ ਅਧਿਕਾਰੀ, ਰਾਜ ਦੇ ਸਿਹਤ ਮੰਤਰੀ ਅਤੇ ਸੀਨੀਅਰ ਸਰਕਾਰੀ ਅਧਿਕਾਰੀਆਂ ਨੇ ਸਥਿਤੀ ਦਾ ਜਾਇਜ਼ਾ ਲੈਣ ਲਈ ਹਸਪਤਾਲਾਂ ਦਾ ਦੌਰਾ ਕੀਤਾ। ਮੁੱਖ ਮੰਤਰੀ ਨੇ ਹਰੇਕ ਮ੍ਰਿਤਕ ਵਿਅਕਤੀ ਦੇ ਪਰਿਵਾਰ ਲਈ 25 ਲੱਖ ਰੁਪਏ ਦਾ ਮੁਆਵਜ਼ਾ ਅਤੇ ਇੱਕ ਗਰੁੱਪ ਡੀ ਸਰਕਾਰੀ ਨੌਕਰੀ ਦਾ ਵੀ ਐਲਾਨ ਕੀਤਾ।

**BYTE: SUVENDU ADHIKARI**

ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਨੇ ਦੁਰਗਾ ਪੂਜਾ ਪ੍ਰਬੰਧਕਾਂ, ਨਿੱਜੀ ਸੁਰੱਖਿਆ ਗਾਰਡਾਂ ਅਤੇ ਡਿਊਟੀ 'ਤੇ ਤਾਇਨਾਤ ਸਟਾਫ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲੈ ਲਿਆ ਏ। ਇਸ ਦੌਰਾਨ, ਕੋਲਕਾਤਾ ਪੁਲਿਸ ਨੇ ਘਟਨਾ ਵਾਲੀ ਥਾਂ ਤੋਂ ਸੀਸੀਟੀਵੀ ਫੁਟੇਜ ਇਕੱਠੀ ਕੀਤੀ ਏ। ਮੁੱਖ ਮੰਤਰੀ ਨੇ ਕਿਹਾ ਕਿ ਫੁਟੇਜ ਦੀ ਜਾਂਚ ਕੀਤੀ ਜਾਵੇਗੀ ਅਤੇ ਭੀੜ ਨੂੰ ਕਾਬੂ ਕਰਨ ਵਿੱਚ ਅਸਫਲ ਰਹਿਣ ਲਈ ਜ਼ਿੰਮੇਵਾਰ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ । ਮੁੱਖ ਮੰਤਰੀ ਨੇ ਰਾਜ ਦੇ ਪ੍ਰਮੁੱਖ ਦੁਰਗਾ ਪੂਜਾ ਪੰਡਾਲਾਂ ਦੀ ਸੁਰੱਖਿਆ ਦੀ ਨਿਗਰਾਨੀ ਲਈ ਇੱਕ ਉੱਚ-ਪੱਧਰੀ ਕਮੇਟੀ ਦੇ ਗਠਨ ਦਾ ਐਲਾਨ ਵੀ ਕੀਤਾ ਏ । ਇਹ ਕਮੇਟੀ ਪੰਡਾਲਾਂ ਵਿੱਚ ਭੀੜ ਕੰਟਰੋਲ, ਹੰਗਾਮੀ ਨਿਕਾਸ ਅਤੇ ਢਾਂਚਾਗਤ ਸੁਰੱਖਿਆ ਉਪਾਵਾਂ ਦੀ ਸਮੀਖਿਆ ਕਰੇਗੀ। ਮੁੱਖ ਮੰਤਰੀ ਨੇ ਪੂਜਾ ਪ੍ਰਬੰਧਕਾਂ ਨੂੰ ਸੁਰੱਖਿਆ ਨੇਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ

ਨਿਰਦੇਸ਼ ਦਿੱਤੇ ਨੇ. ਵੱਡੀ ਭੀੜ ਦੀ ਸੰਭਾਵਨਾ ਨੂੰ ਦੇਖਦੇ ਹੋਏ, ਅਸ਼ਟਮੀ ਅਤੇ ਨੌਮੀ ਦੌਰਾਨ ਸੁਰੱਖਿਆ ਅਤੇ ਨਿਗਰਾਨੀ ਵਧਾਈ ਜਾਵੇਗੀ।

ਇਸ ਦੌਰਾਨ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਜੋ ਇਸ ਸਮੇਂ ਕੋਲਕਾਤਾ ਵਿੱਚ ਨੇ, ਸਥਿਤੀ ਦੀ ਨਿਗਰਾਨੀ ਕਰ ਰਹੇ ਨੇ ਅਤੇ ਮੁੱਖ ਮੰਤਰੀ ਅਤੇ ਹੋਰ ਸੀਨੀਅਰ ਰਾਜ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਵਿੱਚ ਨੇ. ਮੁੱਖ ਮੰਤਰੀ ਸੁਵੇਂਦੂ ਅਧਿਕਾਰੀ ਨੇ ਕਿਹਾ ਕਿ, ਦੁਖਾਂਤ ਦੇ ਮੱਦੇਨਜ਼ਰ ਸਾਰੇ ਸਰਕਾਰੀ ਪ੍ਰੋਗਰਾਮ, ਜਿਨ੍ਹਾਂ ਵਿੱਚ ਕੇਂਦਰੀ ਗ੍ਰਹਿ ਮੰਤਰੀ ਸ਼ਾਮਿਲ ਨੇ, ਨੂੰ ਮੁਲਤਵੀ ਕਰ ਦਿੱਤਾ ਗਿਆ ਏ । ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ, ਉਹ ਅੱਜ ਹਸਪਤਾਲ ਵਿੱਚ ਜ਼ਖਮੀਆਂ ਦਾ ਹਾਲ – ਚਲ ਜਾਣਨ ਲਈ ਉਥੇ ਦਾ ਦੌਰਾ ਕਰਨਗੇ।

ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਉਪ ਰਾਸ਼ਟਰਪਤੀ ਸੀ. ਪੀ. ਰਾਧਾਕ੍ਰਿਸ਼ਨਨ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਹੋਰ ਸੀਨੀਅਰ ਨੇਤਾਵਾਂ ਨੇ ਕੋਲਕਾਤਾ ਵਿੱਚ ਭਗਦੜ ਵਿੱਚ ਜਾਨਾਂ ਗੁਆਉਣ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਏ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਗਦੜ ਵਿੱਚ ਜਾਨ ਗੁਆਉਣ ਵਾਲੇ ਹਰੇਕ ਵਿਅਕਤੀ ਦੇ ਨੇੜਲੇ ਰਿਸ਼ਤੇਦਾਰਾਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਫੰਡ ਤੋਂ ਦੋ- ਦੋ ਲੱਖ ਰੁਪਏ ਦੀ ਸਹਾਇਤਾ ਰਕਮ ਦਾ ਐਲਾਨ ਕੀਤਾ। ਜ਼ਖਮੀਆਂ ਨੂੰ ਪੰਜਾਹ ਹਜ਼ਾਰ ਰੁਪਏ ਮਿਲਣਗੇ।

---------------------------------------------------

ਕੇਂਦਰ ਸਰਕਾਰ ਨੇ ਕੈਂਸਰ ਦੇ ਮਰੀਜ਼ਾਂ ਨੂੰ ਰਾਹਤ ਦੇਣ ਲਈ 137 ਦਵਾਈਆਂ ਦੀਆਂ ਕੀਮਤਾਂ ਘਟਾਉਣ ਦਾ ਫੈਸਲਾ ਕੀਤਾ ਏ । ਦਵਾਈਆਂ ਦੀਆਂ ਕੀਮਤਾਂ ਤੈਅ ਕਰਨ ਬਾਰੇ ਰਾਸ਼ਟਰੀ ਅਥਾਰਟੀ ਨੇ ਇਨ੍ਹਾਂ ਦਵਾਈਆਂ 'ਤੇ ਪ੍ਰਚੂਨ ਵਿਕਰੇਤਾਵਾਂ ਅਤੇ ਡਿਸਟ੍ਰਿਬਿਉਟਰਾਂ ਲਈ ਮੁਨਾਫ਼ਾ ਸੀਮਾ ਤੈਅ ਕੀਤੀ ਏ. ਰਸਾਇਣ ਅਤੇ ਖਾਦ ਮੰਤਰਾਲੇ ਮੁਤਾਬਿਕ, ਇਹ ਕਦਮ ਇਨ੍ਹਾਂ ਦਵਾਈਆਂ ਦੀਆਂ ਵੱਧ ਤੋਂ ਵੱਧ ਪ੍ਰਚੂਨ ਕੀਮਤਾਂ ਨੂੰ 70 ਫੀਸਦੀ ਤੱਕ ਘਟਾ ਸਕਦਾ ਏ । ਨਵੀਆਂ ਕੀਮਤਾਂ ਅਗਲੇ ਮਹੀਨੇ ਦੀ 9 ਤਰੀਕ ਤੋਂ ਲਾਗੂ ਹੋਣਗੀਆਂ। ਫਾਰਮੇਸੀਆਂ ਅਤੇ ਹਸਪਤਾਲਾਂ ਨੂੰ ਘਟਾਈਆਂ ਗਈਆਂ ਕੀਮਤਾਂ 'ਤੇ ਦਵਾਈਆਂ ਵੇਚਣੀਆਂ ਹੋਣਗੀਆਂ ਅਤੇ ਨਵੀਆਂ ਕੀਮਤਾਂ ਦੀ ਸੂਚੀ ਦਾ ਵਿਖਾਲਾ ਕਰਨਾ ਹੋਏਗਾ. ਮਰੀਜ਼, ਦਵਾਈਆਂ ਦੀਆਂ ਨਵੀਆਂ ਕੀਮਤਾਂ, ਫਾਰਮਾ ਸਹੀ ਦਾਮ ਐਪ ਅਤੇ ਅਥਾਰਟੀ ਦੀ ਵੈੱਬਸਾਈਟ 'ਤੇ ਦੇਖ ਸਕਦੇ ਨੇ. ਰਾਜ ਦੇ ਡਰੱਗ ਕੰਟਰੋਲਰ ਇਹ ਯਕੀਨੀ ਬਣਾਉਣਗੇ ਕਿ ਸਾਰੀਆਂ ਕੰਪਨੀਆਂ, ਪ੍ਰਚੂਨ ਵਿਕਰੇਤਾ ਅਤੇ ਹਸਪਤਾਲ ਨਵੇਂ ਨੇਮਾਂ ਦੀ ਪਾਲਣਾ ਕਰਨ। ਸਰਕਾਰ ਦਾ ਕਹਿਣਾ ਏ ਕਿ ਇਸ ਕਦਮ ਦਾ ਉਦੇਸ਼ ਕੈਂਸਰ ਦੇ ਇਲਾਜ ਨੂੰ ਕਿਫਾਇਤੀ ਬਣਾਉਣਾ ਅਤੇ ਮਰੀਜ਼ਾਂ ਲਈ ਦਵਾਈਆਂ ਆਸਾਨੀ ਨਾਲ ਉਪਲਬਧ ਕਰਵਾਉਣਾ ਏ।

------------------------------------------------

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ, ਸ਼ਿਵਰਾਜ ਸਿੰਘ ਚੌਹਾਨ ਨੇ ਆਉਂਦੇ 'ਖੇਤ ਬਚਾਓ' ਅਭਿਆਨ ਦੀਆਂ ਤਿਆਰੀਆਂ ਦੀ ਆਨਲਾਈਨ ਸਮੀਖਿਆ ਕੀਤੀ। ਇਹ ਅਭਿਆਨ 22 ਅਕਤੂਬਰ ਤੋਂ 30 ਨਵੰਬਰ ਤੱਕ ਚਲਾਇਆ ਜਾਵੇਗਾ। ਮੀਟਿੰਗ ਵਿੱਚ ਖੇਤੀਬਾੜੀ ਰਾਜ ਮੰਤਰੀ ਭਾਗੀਰਥ ਚੌਧਰੀ ਅਤੇ ਹਰਿਆਣਾ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਤੇਲੰਗਾਨਾ, ਗੁਜਰਾਤ, ਉੱਤਰਾਖੰਡ, ਰਾਜਸਥਾਨ, ਅਸਾਮ, ਜੰਮੂ-ਕਸ਼ਮੀਰ, ਬਿਹਾਰ ਅਤੇ ਮਹਾਰਾਸ਼ਟਰ ਦੇ ਖੇਤੀਬਾੜੀ ਮੰਤਰੀ ਸ਼ਾਮਲ ਹੋਏ। ਸ੍ਰੀ ਚੌਹਾਨ ਨੇ ਰਾਜਾਂ ਨੂੰ ਅਪੀਲ ਕੀਤੀ ਏ ਕਿ ਉਹ ਇਸ ਅਭਿਆਨ ਵਿੱਚ ਕਿਸਾਨਾਂ, ਖੇਤੀਬਾੜੀ ਵਿਗਿਆਨੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਸਰਗਰਮ ਸ਼ਮੂਲੀਅਤ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਇਸ ਅਭਿਆਨ ਨੂੰ ਪੂਰੀ ਗੰਭੀਰਤਾ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਏ, ਤਾਂ ਜੋ ਕਿਸਾਨਾਂ ਨੂੰ ਇਸ ਦਾ ਸਿੱਧਾ ਲਾਭ ਮਿਲ ਸਕੇ।

---------------------------------------------------

ਭਾਰਤੀ ਖੁਰਾਕ ਸੁਰੱਖਿਆ ਅਤੇ ਮਿਆਰਾਂ ਬਾਰੇ ਅਥਾਰਟੀ, FSSAI ਨੇ ਚਾਹ ਵਿੱਚ ਦੋ ਕੀਟਨਾਸ਼ਕਾਂ ਲਈ ਵੱਧ ਤੋਂ ਵੱਧ ਸੀਮਾ ਤੈਅ ਕਰਨ ਦੀ ਤਜਵੀਜ਼ ਰੱਖੀ ਏ। ਇਸ ਤਹਿਤ, ਐਸੀਟਾ-ਮਿਪ੍ਰਿਡ ਲਈ ਸੀਮਾ, 20 ਮਿਲੀਗ੍ਰਾਮ ਪ੍ਰਤੀ ਕਿਲੋਗ੍ਰਾਮ ਅਤੇ ਇਮੀਡਾ-ਕਲੋਪ੍ਰਿਡ ਲਈ ਸੀਮਾ, 50 ਮਿਲੀਗ੍ਰਾਮ ਪ੍ਰਤੀ ਕਿਲੋਗ੍ਰਾਮ ਤੈਅ ਕਰਨ ਦਾ ਸੁਝਾਅ ਦਿੱਤਾ ਗਿਆ ਏ।

ਇਸ ਤੋਂ ਇਲਾਵਾ, FSSAI ਨੇ ਛੇ ਮਹੀਨਿਆਂ ਤੱਕ ਦੀ ਉਮਰ ਦੇ ਬੱਚਿਆਂ ਲਈ, ਭੋਜਨ ਉਤਪਾਦਾਂ ਵਿੱਚ, ਸੁਕਰੋਜ਼ ਅਤੇ ਫਰੂਕਟੋਜ਼ ਨੂੰ ਸ਼ਾਮਿਲ ਕਰਨ 'ਤੇ ਪਾਬੰਦੀ ਦੀ ਤਜਵੀਜ਼ ਵੀ ਰੱਖੀ ਏ।

---------------------------------------------------

ਅਥਾਰਟੀ ਨੇ ਨੇਸਲੇ ਇੰਡੀਆ ਅਤੇ ਹਿੰਦੁਸਤਾਨ ਯੂਨੀਲੀਵਰ ਲਿਮਟਿਡ ਨੂੰ ਭੋਜਨ ਉਤਪਾਦਾਂ ਦੀ ਪੈਕੇਜਿੰਗ 'ਤੇ ਕਥਿਤ ਗੁੰਮਰਾਹਕੁੰਨ ਦਾਅਵਿਆਂ ਦੇ ਸੰਬੰਧ ਵਿੱਚ ਨੋਟਿਸ ਵੀ ਜਾਰੀ ਕੀਤੇ ਨੇ।

ਅਥਾਰਟੀ ਨੇ ਸੋਸ਼ਲ ਮੀਡੀਆ 'ਤੇ ਐਲਾਨ ਕੀਤਾ ਕਿ ਹਿੰਦੁਸਤਾਨ ਯੂਨੀਲੀਵਰ ਦੇ ਹੌਰਲਿਕਸ ਵੂਮੈਨਜ਼ ਪਲੱਸ ਚਾਕਲੇਟ ਨਿਊਟ੍ਰੀਸ਼ਨ ਡਰਿੰਕ ਅਤੇ ਹੌਰਲਿਕਸ ਮਦਰਜ਼ ਪਲੱਸ ਸੈਫਰਨ ਉਤਪਾਦਾਂ 'ਤੇ ਕੀਤੇ ਗਏ ਕੁਝ ਦਾਅਵਿਆਂ ਦੇ ਸੰਬੰਧ ਵਿੱਚ ਇਤਰਾਜ਼ ਉਠਾਏ ਗਏ ਨੇ. ਇਨ੍ਹਾਂ ਵਿੱਚ ਹੱਡੀਆਂ ਦੀ ਮਜ਼ਬੂਤੀ, ਸਿਹਤਮੰਦ ਜਨਮ ਭਾਰ, ਅਤੇ ਕੋਈ ਖੰਡ ਸ਼ਾਮਿਲ ਨਾ ਕਰਨ ਨਾਲ ਸੰਬੰਧਿਤ ਦਾਅਵੇ ਸ਼ਾਮਿਲ ਨੇ। ਅਥਾਰਟੀ ਮੁਤਾਬਿਕ, ਕੁਝ ਦਾਅਵੇ ਗੁੰਮਰਾਹਕੁੰਨ ਅਤੇ ਭੋਜਨ ਸੁਰੱਖਿਆ ਨੇਮਾਂ ਦੇ ਵਿਰੁੱਧ ਪਾਏ ਗਏ। ਕੰਪਨੀ ਨੂੰ ਇੱਕ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਜਵਾਬ ਦੇਣ ਲਈ ਕਿਹਾ ਗਿਆ ਏ।

ਇੱਕ ਹੋਰ ਮਾਮਲੇ ਵਿੱਚ, ਨੇਸਲੇ ਇੰਡੀਆ ਅਤੇ ਦੋ ਡੇਅਰੀ ਨਿਰਮਾਤਾਵਾਂ ਨੂੰ ਨੇਸਕੈਫੇ ਦੇ ਪੀਣ ਲਈ ਤਿਆਰ ਕੌਫੀ ਉਤਪਾਦਾਂ ਦੇ ਲੇਬਲਿੰਗ ਅਤੇ ਔਨਲਾਈਨ ਵੇਰਵੇ ਦੇ ਸੰਬੰਧ ਵਿੱਚ ਨੋਟਿਸ ਜਾਰੀ ਕੀਤੇ ਗਏ ਨੇ।

---------------------------------------------------

ਇਸ ਸਾਲ ਜੁਲਾਈ ਮਹੀਨੇ ਦੌਰਾਨ ਦਿੱਲੀ ਦੇ ਜੰਤਰ-ਮੰਤਰ ਅਤੇ ਦਿੱਲੀ ਤੋਂ ਬਾਹਰ ਕਈ ਥਾਵਾਂ 'ਤੇ ਹੋਈ ਹਿੰਸਾ ਨਾਲ ਸੰਬੰਧਿਤ ਘਟਨਾਵਾਂ ਦੇ ਸਾਰੇ ਪਹਿਲੂਆਂ ਦੀ ਜਾਂਚ ਲਈ ਸੁਪਰੀਮ ਕੋਰਟ ਵਲੋਂ ਗਠਿਤ ਉੱਚ-ਸ਼ਕਤੀਸ਼ਾਲੀ ਜਾਂਚ ਕਮੇਟੀ ਨੇ ਸ਼ਿਕਾਇਤਾਂ ਅਤੇ ਪ੍ਰਤੀਨਿਧਤਾਵਾਂ ਜਮ੍ਹਾਂ ਕਰਾਉਣ ਲਈ ਇੱਕ ਪੋਰਟਲ ਲਾਂਚ ਕੀਤਾ ਏ। ਪ੍ਰਭਾਵਿਤ ਪੁਲਿਸ ਮੁਲਾਜ਼ਮਾਂ ਸਮੇਤ ਪ੍ਰਭਾਵਿਤ ਲੋਕਾਂ ਲਈ, ਪੋਰਟਲ hpec.nic.in ਲਾਂਚ ਕੀਤਾ ਗਿਆ ਏ।

---------------------------------------------------

ਵਿਦੇਸ਼ ਰਾਜ ਮੰਤਰੀ ਪਬਿਤ੍ਰਾ ਮਾਰਗੇਰੀਟਾ ਨੇ ਸਮੋਆ ਦੇ ਅਪੀਆ ਵਿੱਚ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮਾਰਗੇਰੀਟਾ ਨੇ ਕਿਹਾ ਕਿ ਗੱਲਬਾਤ ਦੌਰਾਨ, ਉਨ੍ਹਾਂ ਨੇ, ਭਾਰਤੀ ਭਾਈਚਾਰੇ ਦੇ ਮੈਂਬਰਾਂ ਦੇ ਤਜਰਬਿਆਂ ਅਤੇ ਭਾਰਤ ਨਾਲ ਉਨ੍ਹਾਂ ਦੇ ਮਜ਼ਬੂਤ ਸਬੰਧਾਂ ਬਾਰੇ ਜਾਣਿਆ।

---------------------------------------------------

ਏਸ਼ੀਆਈ ਪੈਰਾ ਖੇਡਾਂ 2026 ਅੱਜ ਜਾਪਾਨ ਦੇ ਆਈਚੀ-ਨਾਗੋਯਾ ਵਿੱਚ ਸ਼ੁਰੂ ਹੋ ਰਹੀਆਂ ਨੇ. 45 ਦੇਸ਼ਾਂ ਦੀਆਂ ਪੈਰਾਲੰਪਿਕ ਕਮੇਟੀਆਂ ਦੇ ਕਰੀਬ

ਤਿੰਨ ਹਜ਼ਾਰ ਖਿਡਾਰੀ, ਇਨ੍ਹਾਂ ਖੇਡਾਂ ਵਿੱਚ ਹਿੱਸਾ ਲੈਣਗੇ। ਇਹ ਖੇਡਾਂ 24 ਅਕਤੂਬਰ ਤੱਕ ਚੱਲਣਗੀਆਂ, ਜਿਨ੍ਹਾਂ ਵਿੱਚ 18 ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ।

ਭਾਰਤ ਵੱਲੋਂ ਪੈਰਾ-ਬੈਡਮਿੰਟਨ ਖਿਡਾਰੀ ਪ੍ਰਮੋਦ ਭਗਤ ਅਤੇ ਦੌੜਾਕ ਸਿਮਰਨ ਸ਼ਰਮਾ, ਉਦਘਾਟਨੀ ਸਮਾਰੋਹ ਵਿੱਚ, ਭਾਰਤੀ ਦਲ ਦੀ ਅਗਵਾਈ ਕਰਨਗੇ।

---------------------------------------------------

ਮਰਦਾਂ ਦੇ ਕ੍ਰਿਕੇਟ ਵਿੱਚ, ਕੱਲ੍ਹ ਬੈਂਗਲੁਰੂ ਵਿੱਚ ਭਾਰਤ ਅਤੇ ਵੈਸਟਇੰਡੀਜ਼ ਵਿਚਕਾਰ ਪੰਜਵਾਂ ਅਤੇ ਆਖਰੀ 20-20 ਮੈਚ, ਮੀਂਹ ਕਾਰਨ ਰੱਦ ਕਰ ਦਿੱਤਾ ਗਿਆ ਏ। ਪੰਜ ਮੈਚਾਂ ਦੀ ਲੜੀ 2–2 ਨਾਲ ਬਰਾਬਰੀ 'ਤੇ ਰਹੀ ਅਤੇ ਦੋਵਾਂ ਟੀਮਾਂ ਨੇ ਟਰਾਫੀ ਸਾਂਝੀ ਕੀਤੀ।

---------------------------------------------------

ਔਰਤਾਂ ਦੇ ਕ੍ਰਿਕੇਟ ਵਿੱਚ, ਭਾਰਤ ਅਤੇ ਜ਼ਿੰਬਾਬਵੇ ਵਿਚਕਾਰ ਤਿੰਨ 20-20 ਅੰਤਰਰਾਸ਼ਟਰੀ ਮੈਚਾਂ ਦੀ ਲੜੀ ਦਾ ਦੂਜਾ ਮੈਚ ਅੱਜ ਰਾਏਪੁਰ ਵਿੱਚ ਸ਼ਾਮ 7 ਵਜੇ ਖੇਡਿਆ ਜਾਵੇਗਾ।

---------------------------------------------------

ਸਕੇਟਿੰਗ ਵਿੱਚ, ਭਾਰਤ ਦੇ 16 ਸਾਲਾ ਅਨਿਰੁਧਨ ਵਿਨੋਦ ਨੇ ਪੈਰਾਗੁਏ ਵਿੱਚ 'ਵਿਸ਼ਵ ਸਕੇਟ ਗੇਮਜ਼ 2026' 'ਚ ਜੂਨੀਅਰ ਮਰਦਾਂ ਦੇ ਵਨ-ਲੈਪ ਰੋਡ ਰੇਸ ਮੁਕਾਬਲੇ ਵਿੱਚ, ਸੋਨੇ ਦਾ ਤਮਗਾ ਜਿੱਤਿਆ ਏ। ਮੁਕਾਬਲੇ ਵਿੱਚ ਚਾਂਦੀ ਦਾ ਤਮਗਾ ਵੀ  ਭਾਰਤ ਦੇ ਹੀ ਅਰੁਣਪ੍ਰਸਾਦ ਨੇ ਹਾਸਿਲ ਕੀਤਾ।

---------------------------------------------------------

- ਪੱਛਮੀ ਬੰਗਾਲ ਵਿੱਚ, ਉੱਤਰੀ ਕੋਲਕਾਤਾ ਦੇ ਚੋਰ-ਬਾਗਾਨ ਦੁਰਗਾ ਪੂਜਾ ਪੰਡਾਲ ਵਿੱਚ ਕੱਲ੍ਹ ਸ਼ਾਮ ਭਗਦੜ ਮਚਣ ਕਾਰਨ 19 ਲੋਕਾਂ ਦੀ ਮੌਤ - 25 ਹੋਰ ਜ਼ਖਮੀ।

- ਕੇਂਦਰ ਸਰਕਾਰ ਨੇ ਕੈਂਸਰ ਦੇ ਮਰੀਜ਼ਾਂ ਨੂੰ ਰਾਹਤ ਦੇਣ ਲਈ 137 ਦਵਾਈਆਂ ਦੀਆਂ ਕੀਮਤਾਂ ਘਟਾਉਣ ਦਾ ਫੈਸਲਾ ਕੀਤਾ ਏ।

- ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਆਉਂਦੇ ਖੇਤ ਬਚਾਓ ਅਭਿਆਨ ਦੀਆਂ ਤਿਆਰੀਆਂ ਦੀ ਔਨਲਾਈਨ ਸਮੀਖਿਆ ਕੀਤੀ।

- FSSAI ਨੇ ਨੇਸਲੇ ਇੰਡੀਆ ਅਤੇ ਹਿੰਦੁਸਤਾਨ ਯੂਨੀਲੀਵਰ ਲਿਮਟਿਡ ਨੂੰ ਭੋਜਨ ਉਤਪਾਦਾਂ ਦੀ ਪੈਕੇਜਿੰਗ 'ਤੇ ਕਥਿਤ ਗੁੰਮਰਾਹਕੁੰਨ ਦਾਅਵਿਆਂ ਦੇ ਸੰਬੰਧ ਵਿੱਚ ਨੋਟਿਸ ਜਾਰੀ ਕੀਤੇ ਨੇ।

- ਮਰਦਾਂ ਦੇ ਕ੍ਰਿਕੇਟ ਵਿੱਚ, ਕੱਲ੍ਹ ਬੈਂਗਲੁਰੂ ਵਿੱਚ ਭਾਰਤ ਅਤੇ ਵੈਸਟਇੰਡੀਜ਼ ਵਿਚਕਾਰ ਪੰਜਵਾਂ ਅਤੇ ਆਖਰੀ twenty -20 ਮੈਚ, ਮੀਂਹ ਕਾਰਨ ਰੱਦ।

- ਏਸ਼ੀਆਈ ਪੈਰਾ ਖੇਡਾਂ 2026 ਅੱਜ ਜਾਪਾਨ ਦੇ ਆਈਚੀ-ਨਾਗੋਯਾ ਵਿੱਚ ਸ਼ੁਰੂ ਹੋਣਗੀਆਂ. ਭਾਰਤ ਵੱਲੋਂ ਪੈਰਾ-ਬੈਡਮਿੰਟਨ ਖਿਡਾਰੀ ਪ੍ਰਮੋਦ ਭਗਤ ਅਤੇ ਦੌੜਾਕ ਸਿਮਰਨ ਸ਼ਰਮਾ, ਉਦਘਾਟਨੀ ਸਮਾਰੋਹ ਵਿੱਚ, ਭਾਰਤੀ ਦਲ ਦੀ ਅਗਵਾਈ ਕਰਨਗੇ।

---------------------------------------------------------------

**ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!**